# ਭਗੌਤੀ ਅਸਤੋਤ੍ਰ

## ੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਹੈਂ ॥
## ਸ੍ਰੀ ਭਗਉਤੀ ਜੀ ਸਹਾਇ ॥
## ਪਾਤਿਸ਼ਾਹੀ ੧੦॥

ਨਮੋ ਸ੍ਰੀ ਭਗੋਤੀ ਬਢੈਲੀ ਸਰੋਹੀ ॥ ਕਰੇ ਏਕ ਤੇ ਦ੍ਵੈ ਸੁਭਟ ਹਾਥ ਸੋਹੀ ॥
ਨਮੋ ਲੋਹ ਕੀ ਪਤ੍ਰਕਾ ਝਲ ਝਲੰਤੀ ॥ ਨਮੋ ਜੀਭ ਜ੍ਵਾਲਾਮੁਖੀ ਜਯੋ ਬਲੰਤੀ ॥

ਮਹਾਂ ਪਾਨ ਕੀ ਬਾਨ ਗੰਗਾ ਤਰੰਗੀ ॥ ਭਿਰੇ ਸਾਮੁਹੇ ਮੋਖ ਦਾਤੀ ਅਭੰਗੀ ॥
ਨਮੋ ਤੇਗ ਤਰਵਾਰ ਸ੍ਰੀ ਖੱਗ ਖੰਡਾ ॥ ਮਹਾ ਰੁਦ੍ਰ ਰੂਪਾ ਬਿਰੂਪਾ ਪ੍ਰਚੰਡਾ ॥

ਮਹਾਂ ਤੇਜ ਖੰਡਾ ਦੁਖੰਡਾ ਦੋਧਾਰਾ ॥ ਸਭੇ ਸਤ੍ਰ ਬਨ ਕੋ ਮਹਾ ਭੀਮ ਆਰਾ ॥
ਮਹਾਂ ਕਾਲਕਾ ਕਾਲ ਕੋ ਕਾਲ ਹੰਤੀ ॥ ਮਹਾਂ ਅਸਤ੍ਰ ਤੁਹੀ ਤੁਹੀ ਸਤ੍ਰ ਹੰਤੀ ॥

ਮਹਾਂ ਕਾਲ ਕੀ ਲਾਟ ਵਿਕਰਾਲ ਭੀਮੰ ॥ ਬਹੀ ਤੱਛ ਮੁੱਛੰ ਕਰੇ ਸਤ੍ਰ ਕੀਮੰ ॥
ਮਹਾਂ ਤੇਜ ਕੀ ਤੇਜਤਾ ਤੇਜ ਵੰਤੀ ॥ ਪਰਜਾ ਖੰਡਨੀ ਦੰਡਨੀ ਸਤ੍ਰ ਹੰਤੀ ॥

ਮਹਾਂ ਬੀਰ ਬਿਦਯਾ ਮਹਾਂ ਭੀਮ ਰੂਪੰ ॥ ਮਹਾਂ ਭੀਰ ਮੈ ਧੀਰ ਦਾਤੀ ਸਰੂਪੰ ॥
ਤੁਹੀ ਸੈਫ ਪੱਟਾ ਮਹਾਂਕਾਟ ਕਾਤੀ ॥ ਅਨੁਗ ਆਪਣੇ ਕੋ ਅਭੈ ਦਾਨ ਦਾਤੀ ॥

ਜੋਊ ਮਯਾਨ ਤੇ ਬੀਰ ਤੋ ਕੋ ਸੜੱਕੈ ॥ ਪਰਲੈ ਕਾਲ ਕੇ ਸਿੰਧੁ ਬੱਕੈ ਕੜੱਕੈ ॥
ਧਸੈ ਖੇਤ ਮੈਂ ਹਾਥ ਲੈ ਤੋਹਿ ਸੂਰੇ॥ ॥ ਭਿਰੇ ਸਾਮੁਹਿ ਸਿੱਧ ਸਾਵੰਤ ਪੂਰੇ ॥

ਸਮਰ ਸਾਮੁਹੇ ਸੀਸ ਤੋ ਪਾਹਿ ਚੜ੍ਹਾਵੈ ॥ ਮਹਾਂ ਭੂਪ ਹ੍ਵੈ ਅਉਤਰੈ ਰਾਜ ਪਾਵੈ ॥
ਮਹਾਂ ਭਾਵ ਸੋ ਜੋ ਕਰੈ ਤੋਰ ਪੂਜੰ ॥ ਸਮਰ ਜੀਤ ਕੈ ਸੂਰ ਹ੍ਵੈ ਹੈ ਅਦੂਜੰ ॥

ਤੁਮੈ ਪੂਜਹੈਂ ਬੀਰ ਬਾਨੈਤ ਛੱਤ੍ਰੀ ॥ ਮਹਾਂ ਖੜਗਧਾਰੀ ਮਹਾਂ ਤੇਜ ਅੱਤ੍ਰੀ ॥
ਪੜ੍ਹੈ ਪ੍ਰੀਤਿ ਸੋਂ ਪ੍ਰਾਤ ਅਸਤੋਤ੍ਰ ਯਾ ਕੋ ॥ ਕਰੈ ਰੁਦ੍ਰ ਕਾਲੀ ਨਮਸਕਾਰ ਤਾ ਕੋ ॥

ਰੁਧਰ ਮੰਜਨੀ ਬਿੰਜਨੀ ਹੈ ਸਗੌਤੀ ॥ ਸਦਾ ਜੈ ਸਦਾ ਜੈ ਸਦਾ ਜੈ ਭਗੌਤੀ ॥
ਸਦਾ ਦਾਹਨੇ ਦਾਸ ਕੋ ਦਾਨ ਦੀਜੈ ॥ ਗੁਰੂ ਸ਼ਾਹ ਗੋਬਿੰਦ ਕੀ ਰੱਖ ਕੀਜੈ ॥